# ਆਈ. ਸੀ. ਏ. ਆਰ - ਭਾਰਤੀ ਖੇਤੀਬਾੜੀ ਖੋਜ ਸੰਸਥਾ

## ਨਰਮੇ-ਕਪਾਹ ਦੀ ਫ਼ਸਲ ਲਈ (22 ਤੋ 28 ਅਗਸਤ 2016) ਹਫਤੇ ਲਈ ਸਿਫਾਰਿਸ਼ਾਂ

''ਇਹ ਸਲਾਹਾਂ ਪ੍ਰਾਂਤਿਕ ਖੇਤੀਬਾੜੀ ਯੂਨੀਵਰਸਿਟੀਆਂ ਤੋ ਆਈਆਂ ਸਿਫਾਰਿਸ਼ਾਂ ਅਨੁਸਾਰ ਹਨ''

| | ਮੀਂਹ ਪਿਆ | | | | | | ਮੀਂਹ ਦੀ ਸੰਭਾਵਨਾ | | | | | | |
|---|---|---|---|---|---|---|---|---|---|---|---|---|---|
| ਮਿਤੀ | 11to17 | 17 | 18 | 19 | 20 | 21 | 22 | 23 | 24 | 25 | 26 | 27 | 28 |
| **ਪੰਜਾਬ** | | | | | | | | | | | | | |
| ਬਠਿੰਡਾ | 0 | 0 | 5 | 0 | 0 | 18 | 0 | 0 | 4 | 4 | 0 | 7 | 9 |
| ਫਿਰੋਜਪੁਰ | 8 | 0 | 5 | 0 | 0 | 0 | 0 | 0 | 4 | 4 | 0 | 7 | 9 |
| ਮੁਕਤਸਰ | 55.6 | 0 | 0 | 0 | 0 | 0 | 0 | 0 | 4 | 4 | 0 | 7 | 9 |
| ਮਾਨਸਾ | 9 | 0 | 0 | 0 | 0 | 0 | 0 | 0 | 9 | 0 | 0 | 0 | 7 |
| **ਹਰਿਆਣਾ** | | | | | | | | | | | | | |
| ਸਿਰਸਾ | 2.8 | 0 | 1.3 | 0 | 0 | 2.5 | 0 | 0 | 12 | 0 | 4 | 0 | 14 |
| ਹਿਸਾਰ | 5.2 | 0 | 1.9 | 0 | 0 | 0 | 0 | 0 | 12 | 0 | 4 | 0 | 14 |
| ਫਤਿਆਬਾਦ | 9.3 | 0 | 0 | 0 | 0 | 0 | 0 | 0 | 12 | 0 | 4 | 0 | 14 |
| **ਰਾਜਸਥਾਨ** | | | | | | | | | | | | | |
| ਹੰਨੂਮਾਨਗੜ੍ਹ | 1.3 | 0 | 0.6 | 0 | 0 | 0 | 0 | 0 | 10 | 11 | 12 | 10 | 8 |
| ਸ੍ਰੀ ਗੰਗਾਨਗਰ | 5.3 | 0 | 2.6 | 0 | 0.5 | 0 | 0 | 0.5 | 10 | 11 | 12 | 10 | 8 |
| ਬਾਂਸਵਾੜਾ | 12.9 | 0 | 0 | 0 | 24.1 | 96.8 | 18.5 | 33.4 | 8 | 8 | 9 | 10 | 8 |

### ਸਲਾਹ

ਉੱਤਰੀ ਜ਼ੋਨ ਦੇ ਪੰਜਾਬ ਪ੍ਰਾਂਤ ਵਿੱਚ ਨਰਮਾ-ਕਪਾਹ ਦੀ ਫ਼ਸਲ ਆਪਣੀ ਫੁੱਲ-ਡੋਡੀ ਅਤੇ ਟੀਡੇਂ ਬਨਣ ਦੀ ਅਵਸਥਾ ਵਿੱਚ ਹੈ। ਸੂਬੇ ਵਿੱਚ ਪਿਛਲੇ ਤਿੰਨ ਤੋਂ ਵੱਧ ਹਫ਼ਤਿਆਂ ਵਿੱਚ ਨਰਮਾ-ਕਪਾਹ ਦੀ ਫ਼ਸਲ ਉੱਤੇ ਚਿੱਟੀ ਮੱਖੀ ਆਰਥਿਕ ਕਗਾਰ ਤੋਂ ਘੱਟ ਪਾਈ ਗਈ ਹੈ। ਬਠਿੰਡੇ ਜ਼ਿਲੇ ਦੇ 29 ਪਿੰਡਾਂ ਦੇ ਸਰਵੇਖਣ ਦੌਰਾਨ ਦੇਖਿਆ ਗਿਆ ਕਿ ਰਸ ਚੂਸਣ ਵਾਲੇ ਕੀੜੇ ਚਿੱਟੀ ਮੱਖੀ, ਹਰਾ ਤੇਲਾ ਅਤੇ ਭੂਰੀ ਜੂੰ ਆਪਣੀ ਆਰਥਿਕ ਕਗਾਰ ਤੋਂ ਹੇਠ੍ਹਾਂ ਪਾਏ ਗਏ ਹਨ। ਫਰੀਦਕੋਟ ਜ਼ਿਲ੍ਹੇ ਵਿੱਚ ਸਰਵੇਖਣ ਦੌਰਾਨ 28 ਪਿੰਡਾਂ ਵਿੱਚ ਰਸ ਚੂਸਣ ਵਾਲੇ ਕੀੜੇ ਆਪਣੀ ਆਰਥਿਕ ਕਗਾਰ ਤੋਂ ਹੇਠ੍ਹਾਂ ਪਾਏ ਗਏ ਹਨ ਪ੍ਰੰਤੂ ਪਿੰਡ ਬਹਿਲੇਵਾਲ ਅਤੇ ਕਿਲ੍ਹਾ ਨਊਂ ਵਿੱਚ ਆਰ.ਸੀ.ਐੱਚ. 773 ਹਾਈਬ੍ਰਿਡ ਉੱਤੇ ਰਸ ਚੂਸਣ ਵਾਲੇ ਕੀੜੇ ਆਪਣੀ ਆਰਥਿਕ ਕਗਾਰ ਤੋਂ ਜ਼ਿਆਦਾ ਪਾਏ ਗਏ ਹਨ। ਨਰਮਾ-ਕਪਾਹ ਦੀ ਫ਼ਸਲ ਵਿੱਚ ਪੱਤਾ ਮਰੋੜ ਵਿਸ਼ਾਣੂ ਰੋਗ ਦਾ ਹਮਲਾ ਗ੍ਰੇਡ I ਤੋਂ ਗ੍ਰੇਡ III ਤੱਕ ਪਾਇਆ ਗਿਆ ਹੈ। ਨਰਮਾ-ਕਪਾਹ ਦੀ ਫ਼ਸਲ ਵਿੱਚ ਝੁਲਸ ਰੋਗ ਦਾ ਹਮਲਾ ਵੀ ਪਾਇਆ ਗਿਆ ਹੈ। ਨਰਮਾ-ਕਪਾਹ ਦੀ ਫ਼ਸਲ ਵਿੱਚ ਜੇਕਰ ਬਾਰਿਸ਼/ਸਿੰਚਾਈ ਤੋਂ ਬਾਅਦ ਪੈਰਾ ਵਿਲਟ ਰੋਗ ਦਾ ਹਮਲਾ ਦੇਖਿਆ ਜਾਵੇ ਤਾਂ ਪੀ.ਏ.ਯੂ. ਦੀਆਂ ਸਿਫਾਰਿਸ਼ਾਂ ਅਨੁਸਾਰ 10 ਪੀ. ਪੀ. ਐਮ. ਕੋਬਾਲਿਟ ਕਲੋਰਾਈਡ ਨੂੰ ਰੋਗ ਨਾਲ ਪ੍ਰਭਾਵਿਤ ਬੂਟਿਆਂ ਤੇ ਲੱਛਣ ਦਿਸਣ ਉਪਰੰਤ ਛਿੜਕਾਅ ਕਰ ਦਿਉ। ਹਿਸਾਰ ਵਿੱਚ ਨਰਮਾ-ਕਪਾਹ ਦੀ ਫ਼ਸਲ ਉੱਤੇ ਚਿੱਟੀ ਮੱਖੀ ਅਤੇ ਭੂਰੀ ਜੂੰ ਆਪਣੀ ਆਰਥਿਕ ਕਗਾਰ ਤੋਂ ਹੇਠਾਂ ਪਾਈ ਗਈ ਹੈ ਪ੍ਰੰਤੂ ਹਿਸਾਰ

| | | | | | | | | | | | | | | |
|---|---|---|---|---|---|---|---|---|---|---|---|---|---|---|
| | | | | | | | | | | | | | | ਦੇ 2 ਪਿੰਡਾਂ ਖੈਦਰ ਅਤੇ ਮਦੋਸਿਆਨਾ ਵਿੱਚ ਹਰਾ ਤੇਲਾ ਆਪਣੀ ਆਰਥਿਕ ਕਗਾਰ ਤੋਂ ਵੱਧ ਪਾਏ ਗਏ ਹਨ। ਇਸੇ ਤਰ੍ਹਾਂ ਨਰਮਾ-ਕਪਾਹ ਦੀ ਫ਼ਸਲ ਵਿੱਚ ਕੁੱਝ ਥਾਵਾਂ ਤੇ ਮਿਲੀ ਬੱਗ ਦਾ ਹਮਲਾ ਨਾਮਾਤਰ ਦੇ ਬਰਾਬਰ ਦੇਖਿਆ ਗਿਆ ਹੈ। ਕਿਸਾਨਾਂ ਨੂੰ ਨਰਮਾ-ਕਪਾਹ ਦੀ ਫ਼ਸਲ ਵਿੱਚ ਤੰਬਾਕੂ ਦੀ ਸੁੰਡੀ, ਹਰੇ ਤੇਲੇ ਅਤੇ ਚਿੱਟੀ ਮੱਖੀ ਦੇ ਲਈ ਲਗਾਤਾਰ ਸਰਵੇਖਣ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਸ਼੍ਰੀਗੰਗਾਨਗਰ ਵਿਂਚ, 5 ਪਿੰਡਾਂ ਵਿੱਚ ਜਿਵੇਂ ਕਿ ਸਾਧੂਵਾਲੀ, 1 ਵਾਈ, ਕਾਲੀਆ, ਸੂਜਾਵਲਪੁਰ ਅਤੇ ਕੋਠਾ ਵਿੱਚ ਬੀ ਟੀ ਹਾਈਬ੍ਰਿਡ ਜਿਵੇਂ ਕਿ ਆਰ.ਸੀ.ਐੱਚ. 773, ਬਾਇਓ 6588 ਅਤੇ ਬਾਇਓ 6488 ਵਿੱਚ ਹਰਾ ਤੇਲਾ ਅਤੇ ਭੂਰੀ ਜੂੰ ਆਰਥਿਕ ਕਗਾਰ ਤੋਂ ਉੱਪਰ ਪ੍ਰੰਤੂ ਚਿੱਟੀ ਮੱਖੀ ਆਪਣੀ ਆਰਥਿਕ ਕਗਾਰ ਤੋਂ ਹੇਠ੍ਹਾਂ ਪਾਈ ਗਈ ਹੈ। ਨਰਮਾ-ਕਪਾਹ ਦੀ ਫ਼ਸਲ ਵਿੱਚ ਹਰੇ ਤੇਲੇ ਅਤੇ ਚਿੱਟੀ ਮੱਖੀ ਦੀ ਗਿਣਤੀ ਵਿੱਚ ਵਾਧੇ ਲਈ ਮੌਸਮ ਦੀ ਸਥਿਤੀ ਬਹੁਤ ਅਨੁਕੂਲ ਹੈ। ਜੇਕਰ ਦੇਸੀ ਕਪਾਹ ਵਿੱਚ ਚਿਤਕਬਰੀ ਸੁੰਡੀ ਆਪਣੀ ਆਰਥਿਕ ਕਗਾਰ ਤੋਂ ਵੱਧ ਜਾਵੇ ਤਾਂ ਕਿਸਾਨ ਵੀਰਾਂ ਨੂੰ ਸਿਫ਼ਾਰਿਸ਼ ਦਵਾਈਆਂ ਦੇ ਛਿੜਕਾਅ ਕਰਨ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ। ਰਾਜਸਥਾਨ ਵਿੱਚ ਬਾਰਿਸ਼ ਉੱਤੇ ਨਿਰਭਰ ਖੇਤਰਾਂ ਵਿੱਚੋਂ 3 ਪਿੰਡ ਜਿਵੇਂ ਕਿ ਛੋਟੀਸਰਵਾ, ਤਾਈਮੇਰਾ ਅਤੇ ਤਾਮੇਸਰਾ ਵਿੱਚ ਬੀ. ਟੀ. ਹਾਈਬ੍ਰਿਡ/ਕਾਸ਼ੀਨਾਥ ਬੀਜੀ II, ਪਾਰਸ ਸੁਦਰਸ਼ਨ ਬੀ ਜੀ II ਅਤੇ ਐਕਸਲ ਕੋਟ ਬੀ ਜੀ II ਉੱਤੇ ਚਿੱਟੀ ਮੱਖੀ ਅਤੇ ਭੂਰੀ ਜੂੰ ਆਪਣੀ ਆਰਥਿਕ ਕਗਾਰ ਤੋਂ ਹੇਠ੍ਹਾ ਪ੍ਰੰਤੂ ਹਰਾ ਤੇਲਾ ਆਪਣੀ ਆਰਥਿਕ ਕਗਾਰ ਤੋਂ ਉੱਪਰ ਪਾਇਆ ਗਿਆ ਹੈ। |